Patient Education

**COVID-19 Vaccine (Adenovirus Vector)**

You must carefully read the "Consumer Information Use and Disclaimer" below in order to understand and correctly use this information

## ਉਚਾਰਣ

(KO vid nine teen vak SEEN ad e noh VYE rus vek tor)

## ਬ੍ਰਾਂਡ ਨਾਮ: ਯੁਐਸ

Janssen COVID-19 Vaccine

## ਬ੍ਰਾਂਡ ਨਾਮ: ਕੈਨੇਡਾ

AstraZeneca COVID-19 Vaccine [DSC]; Covishield [DSC]; Janssen COVID-19 Vaccine; Vaxzevria

## ਇਸ ਦਵਾਈ ਨੂੰ ਕਿਸ ਲਈ ਵਰਤਿਆ ਜਾਂਦਾ ਹੈ?

- •ਇਸਦਾ ਇਸਤੇਮਾਲ ਕੋਵਿਡ-19(COVID-19) ਨੂੰ ਰੋਕਣ ਲਈ ਕੀਤਾ ਜਾਂਦਾ ਹੈ।

## ਇਸ ਦਵਾਈ ਨੂੰ ਲੈਣ ਤੋਂ ਪਹਿਲਾਂ ਮੈਨੂੰ ਆਪਣੇ ਡਾਕਟਰ ਨੂੰ ਕੀ ਦੱਸਣ ਦੀ ਲੋੜ ਹੁੰਦੀ ਹੈ?

- •ਜੇਕਰ ਤੁਹਾਨੂੰ ਇਸ ਦਵਾਈ; ਇਸ ਦਵਾਈ ਦੇ ਕਿਸ ਭਾਗ (ਪੋਲੀਸੋਰਬੇਟ 80 ਸਮੇਤ); ਜਾਂ ਕਿਸੇ ਹੋਰ ਦਵਾਈਆਂ, ਭੋਜਨਾਂ, ਜਾਂ ਪਦਾਰਥਾਂ (ਪੋਲੀਐਥੀਲੀਨ ਗਲਾਈਕੋਲ ਸਮੇਤ) ਤੋਂ ਐਲਰਜੀ ਹੈ। ਆਪਣੇ ਡਾਕਟਰ ਨੂੰ ਐਲਰਜੀ ਬਾਰੇ ਦੱਸੋ ਅਤੇ ਤੁਹਾਨੂੰ ਕਿਹੜੇ ਚਿੰਨ੍ਹ ਸਨ ਉਹਨਾਂ ਬਾਰੇ ਦੱਸੋ।
- •ਜੇ ਤੁਹਾਨੂੰ ਕੋਵਿਡ-19 ਹੈ, ਜੇ ਤੁਹਾਨੂੰ ਕੋਈ ਲੱਛਣ ਹਨ ਜੋ ਕਿ ਕੋਵਿਡ-19 ਕਾਰਨ ਹੋ ਸਕਦੇ ਹਨ, ਜਾਂ ਜੇ ਤੁਸੀਂ ਕੋਵਿਡ-19 ਜਾਂਚ ਦੇ ਨਤੀਜੇ ਆਉਣ ਦੀ ਉਡੀਕ ਕਰ ਰਹੇ ਹੋ, ਜਾਂ ਜੇਕਰ ਤੁਹਾਨੂੰ ਕੁੱਝ ਸਮਾਂ ਪਹਿਲਾਂ ਕੋਵਿਡ-19 ਹੋਇਆ ਸੀ।
- •ਜੇ ਤੁਹਾਨੂੰ ਬੁਖਾਰ ਨਾਲ ਬਿਮਾਰੀ ਹੁੰਦੀ ਹੈ।
- •ਜੇ ਤੁਹਾਨੂੰ ਖੂਨ ਦੇ ਰਿਸਾਅ ਦੀਆਂ ਸਮੱਸਿਆਵਾਂ ਹਨ।
- •ਜੇਕਰ ਤੁਹਾਨੂੰ ਕਦੇ ਖੂਨ ਦੇ ਗਤਲਿਆਂ ਵਾਲੀ ਅਤੇ ਖੂਨ ਦੇ ਬਿੰਬਾਣੂ ਦੇ ਲੈਵਲਾਂ ਦੇ ਘੱਟ ਹੋਣ ਕਾਰਨ (ਥ੍ਰੌਂਬੋਸਾਈਟੋਪੀਨੀਆ ਸਿੰਡਰੋਮ ਜਾਂ ਟੀਟੀਐਸ ਨਾਲ ਥ੍ਰੌਂਬੋਸਿਸ) ਵਰਗੀਆਂ ਸਮੱਸਿਆਵਾਂ ਆਈਆਂ ਹੋਣ। ਇਸ ਵਿੱਚ ਹੈਪਰਿਨ-ਪ੍ਰੇਰਿਤ ਥ੍ਰੌਂਬੋਸਾਈਟੋਪੀਨੀਆਨ (ਐਚਆਈਟੀ) ਸ਼ਾਮਲ ਹੈ।
- •ਜੇਕਰ ਤੁਹਾਨੂੰ ਕੈਪੀਲਰੀ ਲੀਕ ਸਿੰਡਰੋਮ ਨਾਮਕ ਕੋਈ ਸਿਹਤ ਸਮੱਸਿਆ ਹੋਈ ਹੋਵੇ।
- •ਜੇਕਰ ਤੁਹਾਨੂੰ ਕਦੇ ਵੀ ਮਲਟੀਸਿਸਟਮ ਇਨਫਲੇਮੇਟਰੀ ਸਿੰਡਰੋਮ (MIS) ਨਾਂ ਦੀ ਕੋਈ ਸਿਹਤ ਸਮੱਸਿਆ ਆਈ ਹੈ।
- •ਜੇਕਰ ਤੁਸੀਂ ਐਸਪੀਰਿਨ ਜਾਂ ਬਲੱਡ ਥਿਨਰ ਲੈ ਰਹੇ ਹੋ।

- •ਜੇਕਰ ਤੁਸੀਂ ਕੋਵਿਡ-19 ਦੀ ਇੱਕ ਅਲੱਗ ਵੈਕਸੀਨ ਲਈ ਸੀ।
- •ਜੇ ਤੁਸੀਂ ਕਿਸੇ ਅਜਿਹੇ ਵਿਅਕਤੀ ਦੇ ਸੰਪਰਕ ਵਿੱਚ ਆਏ ਹੋ ਜਿਸ ਨੂੰ ਪਿਛਲੇ 14 ਦਿਨਾਂ ਵਿੱਚ ਕੋਵਿਡ-19 ਹੋਇਆ ਹੈ।
- ਇਹ ਸਾਰੀਆਂ ਦਵਾਈਆਂ ਜਾਂ ਸਿਹਤ ਸਮੱਸਿਆਂਵਾਂ ਦੀ ਸੂਚੀ ਹੈ ਜੋ ਇਸ ਦਵਾਈ ਨਾਲ ਅੰਤਰਕਿਰਿਆ ਕਰਦੀਆਂ ਹਨ।
- ਆਪਣੀਆਂ ਦਵਾਈਆਂ (ਨੁਸਖਿਆਂ ਜਾਂ ਓਟੀਸੀ, ਕੁਦਰਤੀ ਉਤਪਾਦਾਂ, ਵਿਟਾਮਿਨਾਂ) ਅਤੇ ਸਿਹਤ ਸਮੱਸਿਆਂਵਾਂ ਬਾਰੇ ਸਭ ਕੁੱਝ ਆਪਣੇ ਡਾਕਟਰ ਅਤੇ ਦਵਾਈ ਵਿਕ੍ਰੇਤਾ ਨੂੰ ਦੱਸੋ। ਤੁਹਾਨੂੰ ਇਹ ਸੁਨਿਸ਼ਚਿਤ ਕਰਨ ਲਈ ਲਾਜ਼ਮੀ ਜਾਂਚ ਕਰਨੀ ਚਾਹੀਦੀ ਹੈ ਕਿ ਤੁਹਾਡੀਆਂ ਸਾਰੀਆਂ ਦਵਾਈਆਂ ਅਤੇ ਸਿਹਤ ਸਮੱਸਿਆਂਵਾਂ ਨਾਲ ਇਹ ਦਵਾਈ ਲੈਣਾ ਤੁਹਾਡੇ ਲਈ ਸੁਰੱਖਿਅਤ ਹੈ। ਆਪਣੇ ਡਾਕਟਰ ਨਾਲ ਜਾਂਚਣ ਤੋਂ ਬਿਨਾਂ ਕਿਸੇ ਵੀ ਦਵਾਈ ਦੀ ਖੁਰਾਕ ਨੂੰ ਸ਼ੁਰੂ, ਬੰਦ ਜਾਂ ਬਦਲੋ ਨਾ।

**ਮੇਰੇ ਦੁਆਰਾ ਦਵਾਈ ਲੈਂਦਿਆਂ ਮੈਨੂੰ ਕਿਹੜੀਆਂ ਕੁੱਝ ਚੀਜ਼ਾਂ ਕਰਨੀਆਂ ਜਾਂ ਜਾਣਨੀਆਂ ਚਾਹੀਦੀਆਂ ਹਨ?**

- •ਆਪਣੇ ਸਾਰੇ ਸਿਹਤ-ਸੰਭਾਲ ਪ੍ਰਦਾਤਾਵਾਂ ਨੂੰ ਦੱਸੋ ਕਿ ਤੁਸੀਂ ਇਹ ਦਵਾਈ ਲੈ ਰਹੇ ਹੋ। ਇਸ ਵਿੱਚ ਤੁਹਾਡੇ ਡਾਕਟਰ, ਨਰਸਾਂ, ਫਾਰਮਾਸਿਸਟ, ਅਤੇ ਦੰਦਾਂ ਦੇ ਡਾਕਟਰ ਸ਼ਾਮਲ ਹਨ।
- •ਇਸ ਵੈਕਸੀਨ ਨਾਲ ਕੋਵਿਡ-19 ਨਹੀਂ ਹੋ ਸਕਦਾ ਹੈ।
- •ਕੁੱਝ ਕੁ ਉਤਪਾਦ ਇੱਕ ਖੁਰਾਕ ਵਜੋਂ ਦਿੱਤੇ ਜਾਂਦੇ ਹਨ, ਜਦੋਂ ਕਿ ਦੂਜਿਆਂ ਨੂੰ 2 ਖੁਰਾਕਾਂ ਵਜੋਂ ਦੇਣ ਦੀ ਲੋੜ ਹੁੰਦੀ ਹੈ। ਕੁਝ ਲੋਕ ਬੂਸਟਰ ਖੁਰਾਕ ਲੈਣ ਦੇ ਯੋਗ ਵੀ ਹੋ ਸਕਦੇ ਹਨ। ਯਕੀਨੀ ਬਣਾਓ ਕਿ ਤੁਸੀਂ ਜਾਣਦੇ ਹੋ ਕਿ ਕੀ ਤੁਸੀਂ ਖੁਰਾਕਾਂ ਲੈਣ ਲਈ ਵਾਪਸ ਜਾ ਸਕਦੇ ਹੋ ਅਤੇ ਅਜਿਹਾ ਕਦੋਂ ਕਰਨਾ ਹੈ। ਜੇ ਤੁਸੀਂ ਨਿਸ਼ਚਤ ਨਹੀਂ ਹੋ, ਤਾਂ ਆਪਣੇ ਡਾਕਟਰ ਜਾਂ ਫਾਰਮਾਸਿਸਟ ਨਾਲ ਗੱਲ ਕਰੋ।
- •ਇਹ ਗਿਆਤ ਨਹੀਂ ਹੈ ਕਿ ਉਹ ਲੋਕ ਜਿਨ੍ਹਾਂ ਨੇ ਇਹ ਟੀਕਾ ਲਗਵਾਇਆ ਹੋਵੇ ਉਹ ਕੋਵਿਡ-19 ਤੋਂ ਕਿੰਨੇ ਸਮੇਂ ਤੱਕ ਸੁਰੱਖਿਅਤ ਰਹਿਣਗੇ।
- •ਸਾਰੀਆਂ ਵੈਕਸੀਨਾਂ ਤਰ੍ਹਾਂ, ਇਹ ਵੈਕਸੀਨ ਪੀੜਤ ਸਾਰੇ ਲੋਕਾਂ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਨਹੀਂ ਕਰ ਸਕਦੀ ਹੈ। ਜੇਕਰ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਡਾਕਟਰ ਨਾਲ ਗੱਲ ਕਰੋ।
- •ਜੇਕਰ ਇੱਕ ਖੁਰਾਕ ਲੈਣ ਤੋਂ ਬਾਅਦ ਤੁਹਾਨੂੰ ਕੋਈ ਮਾੜੇ ਪ੍ਰਭਾਵ ਹੁੰਦੇ ਹਨ, ਤਾਂ ਅਸੀਟਾਮਿਨੋਫ਼ਿਨ ਜਾਂ ਗੈਰ-ਸਟੀਰੌਇਡਲ ਐਂਟੀ-ਇਨਫਲਾਮੇਟਰੀ ਦਵਾਈਆਂ (NSAIDs) ਜਿਵੇਂ ਆਈਬਿਊਪਰੋਫ਼ੈਨ ਜਾਂ ਨਾਪ੍ਰੋਕਸੈਨ ਮਦਦ ਕਰ ਸਕਦੀਆਂ ਹਨ।
- •ਵੈਕਸੀਨ ਲਗਵਾਉਣ ਤੋਂ ਬਾਅਦ, ਸਥਾਨਕ ਜਨਤਕ ਸਿਹਤ ਅਧਿਕਾਰੀਆਂ ਦੁਆਰਾ ਸਿਫਾਰਸ਼ ਕੀਤੇ ਅਨੁਸਾਰ ਕੋਵਿਡ-19 ਦੇ ਫੈਲਣ ਨੂੰ ਰੋਕਣ ਵਾਲੇ ਕੰਮ ਕਰਨਾ ਜਾਰੀ ਰੱਖੋ। ਇਨ੍ਹਾਂ ਵਿੱਚ ਅਕਸਰ ਹੱਥ ਧੋਣਾ, ਮਾਸਕ ਪਹਿਨਣਾ, ਹੋਰ ਲੋਕਾਂ ਤੋਂ ਘੱਟੋ ਘੱਟ 6 ਫੁੱਟ ਦੂਰ ਰਹਿਣਾ, ਅਤੇ ਭੀੜ ਤੋਂ ਬਚਣਾ ਸ਼ਾਮਲ ਹਨ।
- •ਜੇ ਤੁਹਾਡੀ ਪ੍ਰਤੀਰੱਖਿਆ ਪ੍ਰਣਾਲੀ ਕਮਜ਼ੋਰ ਹੋਈ ਹੈ ਜਾਂ ਪ੍ਰਤੀਰੱਖਿਆ ਪ੍ਰਣਾਲੀ ਨੂੰ ਕਮਜ਼ੋਰ ਕਰਨ ਵਾਲੀਆਂ ਦਵਾਈਆਂ ਲੈਂਦੇ ਹੋ, ਤਾਂ ਆਪਣੇ ਡਾਕਟਰ ਨਾਲ ਗੱਲ ਕਰੋ। ਇਹ ਵੈਕਸੀਨ ਵੀ ਵਧੀਆ ਕੰਮ ਨਹੀਂ ਕਰ ਸਕਦੀ ਹੈ।
- •ਜਿਨ੍ਹਾਂ ਲੋਕਾਂ ਨੂੰ ਇਹ ਟੀਕਾ ਸਟੈਮ ਸੈੱਲ ਟ੍ਰਾਂਸਪਲਾਂਟ ਜਾਂ ਚਾਈਮੇਰਿਕ ਐਂਟੀਜੇਨ ਰੀਸੈਪਟਰ [CAR]-T ਥੈਰੇਪੀ ਤੋਂ ਪਹਿਲਾਂ ਜਾਂ ਦੌਰਾਨ ਮਿਲਿਆ ਸੀ, ਉਹਨਾਂ ਨੂੰ ਇੱਕ ਹੋਰ ਵੈਕਸੀਨ ਲੈਣ ਦੀ ਲੋੜ ਹੋ ਸਕਦੀ ਹੈ। ਜੇਕਰ ਤੁਸੀਂ ਇਹਨਾਂ ਵਿੱਚੋਂ ਇੱਕ ਇਲਾਜ ਕਰਵਾ ਚੁੱਕੇ ਹੋ ਜਾਂ ਕਰਵਾ ਰਹੇ ਹੋ, ਤਾਂ ਆਪਣੇ ਡਾਕਟਰ ਨਾਲ ਗੱਲ ਕਰੋ।
- •ਅਧਿਐਨਾਂ ਵਿੱਚ ਬੈੱਲ ਦੇ ਲਕਵੇ ਦੇ ਕੇਸ ਬਹੁਤ ਹੀ ਘੱਟ ਹੋਏ ਹਨ। ਇਹ ਗਿਆਤ ਨਹੀਂ ਹੈ ਕਿ ਕੀ ਇਹ ਵੈਕਸੀਨ ਇਸ ਦਾ ਕਾਰਣ ਹੋ ਸਕਦੀ ਹੈ। ਆਪਣੇ ਡਾਕਟਰ ਨੂੰ ਦੱਸੋ ਜੇਕਰ ਤੁਹਾਨੂੰ ਕਦੇ ਬੈੱਲ ਦਾ ਲਕਵਾ ਹੋਇਆ ਹੋਵੇ। ਆਪਣੇ ਡਾਕਟਰ ਨੂੰ ਤੁਰੰਤ ਕਾਲ ਕਰੋ ਜੇਕਰ ਤੁਹਾਨੂੰ ਤੁਹਾਡੇ ਚਿਹਰੇ ਦੇ ਇੱਕ ਪਾਸੇ 'ਤੇ ਕਮਜ਼ੋਰ ਜਾਂ ਮਾਸਪੇਸ਼ੀ ਦੇ ਲੁੜਕਣ ਵਰਗੇ ਲੱਛਣ ਹੋਏ ਹਨ।

- •ਜਿਨ੍ਹਾਂ ਲੋਕਾਂ ਨੇ ਇਹ ਦਵਾਈ ਲਈ ਹੈ ਉਨ੍ਹਾਂ ਅੰਦਰ ਗਿਵਿਲੈਨ-ਬੈਰੀ ਸਿੰਡਰੋਮ ਨਾਮਕ ਇੱਕ ਨਾੜੀ ਪ੍ਰਣਾਲੀ ਦੀ ਸਮੱਸਿਆ ਬਹੁਤ ਘੱਟ ਵਾਪਰੀ ਹੈ। ਜਿਆਦਾਤਰ ਲੱਛਣ ਵੈਕਸੀਨ ਤੋਂ ਬਾਅਦ 42 ਦਿਨਾਂ ਅੰਦਰ ਸ਼ੁਰੂ ਹੋਏ ਹਨ। ਸਭ ਤੋਂ ਵੱਧ ਖ਼ਤਰਾ 50 ਤੋਂ 64 ਸਾਲ ਦੀ ਉਮਰ ਦੇ ਮਰਦਾਂ ਵਿੱਚ ਦੇਖਿਆ ਗਿਆ ਸੀ। ਆਪਣੇ ਡਾਕਟਰ ਨੂੰ ਤੁਰੰਤ ਕਾਲ ਕਰੋ ਜੇਕਰ ਤੁਹਾਨੂੰ ਕਮਜੋਰੀ ਹੋਵੇ, ਝੁਣਝੁਣੀ ਆਉਂਦੀ ਹੋਵੇ, ਚਿਹਰਾ ਹਿਲਾਉਣ ਵਿੱਚ ਸਮੱਸਿਆ ਆਉਂਦੀ ਹੋਵੇ (ਜਿਵੇਂ ਬੋਲਣਾ, ਚਬਾਉਣਾ, ਜਾਂ ਨਿਗਲਣਾ), ਦੋ-ਦੋ ਦਿਖਣਾ, ਆਪਣੀਆਂ ਅੱਖਾਂ ਹਿਲਾਉਣ ਦੇ ਯੋਗ ਨਾ ਹੋਣਾ, ਜਾਂ ਬਲੈਡਰ ਜਾਂ ਮਲ ਕੰਟਰੋਲ ਕਰਨ ਵਿੱਚ ਸਮੱਸਿਆ ਹੋਵੇ।
- •ਬਹੁਤ ਹੀ ਘੱਟ, ਇਹ ਦਵਾਈ ਇੱਕ ਗੰਭੀਰ ਅਤੇ ਕਈ ਵਾਰ ਇਕ ਘਾਤਕ ਸਮੱਸਿਆ ਦਾ ਕਾਰਨ ਬਣੀ ਹੈ ਜਿਸ ਨੂੰ ਕੈਪਿਲਰੀ ਲੀਕ ਸਿੰਡਰੋਮ (ਸੀਐਲਐਸ) ਕਿਹਾ ਜਾਂਦਾ ਹੈ। ਸੀਐਲਐਸ ਘੱਟ ਬਲੱਡ ਪ੍ਰੈਸ਼ਰ, ਦਿਲ ਦੀ ਅਸਧਾਰਨ ਧੜਕਣ, ਛਾਤੀ ਦੇ ਦਰਦ, ਜਾਂ ਦਿਲ ਦੇ ਦੌਰੇ ਦਾ ਕਾਰਨ ਬਣ ਸਕਦਾ ਹੈ। ਇਹ ਫੇਫੜਿਆਂ ਜਾਂ ਸਾਹ ਦੀਆਂ ਸਮੱਸਿਆਵਾਂ, ਖੂਨ ਵੱਗਣ ਜਾਂ ਪੇਟ ਜਾਂ ਮਲ ਵਿੱਚ ਖੂਨ ਦਾ ਘੱਟ ਵਹਾਅ, ਗੁਰਦੇ ਦੀਆਂ ਸਮੱਸਿਆਵਾਂ, ਸੋਜ, ਜਾਂ ਉਲਝਣ ਮਹਿਸੂਸ ਹੋਣ ਦਾ ਕਾਰਨ ਵੀ ਬਣ ਸਕਦੀ ਹੈ। ਜੇਕਰ ਤੁਹਾਡੇ ਕੋਈ ਪ੍ਰਸ਼ਨ ਹਨ, ਤਾਂ ਡਾਕਟਰ ਨਾਲ ਗੱਲ ਕਰੋ।
- •ਆਪਣੇ ਡਾਕਟਰ ਨੂੰ ਦੱਸੋ ਜੇਕਰ ਤੁਸੀਂ ਗਰਭਵਤੀ ਹੋ, ਗਰਭਵਤੀ ਹੋਣ ਦੀ ਯੋਜਨਾ ਬਣਾ ਰਹੇ ਹੋ, ਜਾਂ ਛਾਤੀ ਦਾ ਦੁੱਧ ਚੁੰਘਾਉਂਦੇ ਹੋ। ਤੁਹਾਨੂੰ ਅਤੇ ਬੱਚੇ ਨੂੰ ਹੋਣ ਵਾਲੇ ਲਾਭਾਂ ਅਤੇ ਖਤਰਿਆਂ ਬਾਰੇ ਗੱਲ ਕਰਨ ਦੀ ਜ਼ਰੂਰਤ ਹੋਏਗੀ।

**ਉਹ ਕਿਹੜੇ ਦੁਸ਼ਪ੍ਰਭਾਵ ਹਨ ਜਿਨ੍ਹਾਂ ਕਰਕੇ ਤਤਕਾਲ ਮੈਨੂੰ ਆਪਣੇ ਡਾਕਟਰ ਨੂੰ ਮਿਲਣਾ ਚਾਹੀਦਾ ਹੈ?**

- **ਚੇਤਾਵਨੀ/ਸਾਵਧਾਨੀ:** ਹਾਲਾਂਕਿ ਇਹ ਬਹੁਤ ਘੱਟ ਮਾਮਲਿਆਂ ਵਿੱਚ ਹੋ ਸਕਦਾ ਹੈ, ਕੁਝ ਲੋਕਾਂ ਨੂੰ ਇਹ ਦਵਾਈ ਲੈਣ ਵੇਲੇ ਬਹੁਤ ਮਾੜੇ ਅਤੇ ਕਈ ਵਾਰੀ ਜਾਨਲੇਵਾ ਮਾੜੇ ਪ੍ਰਭਾਵ ਹੋਏ ਹੋ ਸਕਦੇ ਹਨ। ਜੇ ਤੁਹਾਨੂੰ ਹੇਠਾਂ ਦਿੱਤੇ ਸੰਕੇਤਾਂ ਜਾਂ ਲੱਛਣਾਂ ਵਿੱਚੋਂ ਕੋਈ ਵੀ ਹੋਏ ਹਨ ਜੋ ਕਿ ਬਹੁਤ ਭੈੜੇ ਮਾੜੇ ਪ੍ਰਭਾਵ ਨਾਲ ਸਬੰਧਤ ਹੋ ਸਕਦੇ ਹਨ ਤਾਂ ਉਸੇ ਵੇਲੇ ਆਪਣੇ ਡਾਕਟਰ ਨੂੰ ਦੱਸੋ ਜਾਂ ਡਾਕਟਰੀ ਮਦਦ ਪ੍ਰਾਪਤ ਕਰੋ:
- •ਅਲਰਜੀ ਸਬੰਧੀ ਪ੍ਰਤੀਕਿਰਿਆ ਦੇ ਚਿੰਨ੍ਹ ਜਿਵੇਂ ਛਪਾਕ; ਧੱਫੜ; ਖਾਰਿਸ਼, ਲਾਲ, ਬੁਖਾਰ ਜਾਂ ਬੁਖਾਰ ਤੋਂ ਬਗੈਰ; ਸੋਜਿਸ਼ ਭਰੀ, ਛਾਲਿਆਂ ਨਾਲ ਭਰੀ ਜਾਂ ਛਿੱਲੀ ਹੋਈ ਚਮੜੀ; ਸਾਹ ਲੈਂਦੇ ਸਮੇਂ ਸੂੰ-ਸੂੰ ਦੀ ਆਵਾਜ਼ ਆਉਣੀ; ਛਾਤੀ ਜਾਂ ਗਲੇ ਦੀ ਸੰਕੁਚਨ; ਸਾਹ ਲੈਣ, ਨਿਗਲਣ ਜਾਂ ਗੱਲਬਾਤ ਕਰਨ ਵਿੱਚ ਸਮੱਸਿਆ; ਅਸਧਾਰਨ ਕਰਕਸ਼ਤਾ; ਜਾਂ ਮੂੰਹ, ਚਿਹਰੇ, ਬੁੱਲ੍ਹਾਂ, ਜੀਭ ਜਾਂ ਗਲੇ ਦੀ ਸੋਜਿਸ਼।
- •ਦਿਲ ਦੀ ਤੇਜ਼ ਧੜਕਣ, ਚੱਕਰ ਆਉਣੇ, ਬੇਹੋਸ਼ੀ, ਕਮਜੋਰੀ, ਬਾਹਵਾਂ ਜਾਂ ਲੱਤਾਂ ਵਿੱਚ ਸੋਜਸ਼, ਜਾਂ ਭਾਰ ਵਿੱਚ ਅਚਾਨਕ ਵਾਧਾ। ਇਹ ਅਲਰਜੀ ਪ੍ਰਤੀਕ੍ਰਿਆ ਜਾਂ ਹੋਰ ਕਿਸਮ ਦੀਆਂ ਪ੍ਰਤੀਕ੍ਰਿਆਵਾਂ ਦੇ ਹੋਰ ਸੰਕੇਤ ਹੋ ਸਕਦੇ ਹਨ।
- •ਸਾੜ, ਸੁੰਨ ਹੋਣਾ, ਜਾਂ ਖੁਤਖੁਤੀ ਹੋਣਾ ਜੋ ਕਿ ਸਧਾਰਨ ਨਾ ਮਹਿਸੂਸ ਹੋਵੇ।
- •ਕੰਨਾਂ ਵਿੱਚ ਘੰਟੀਆਂ ਵੱਜਣਾ।
- •ਬਹੁਤ ਘੱਟ, ਇਮਿਊਨ ਥ੍ਰੋਮਬੋਸਾਈਟੋਪੇਨੀਆ (ITP) ਨਾਮਕ ਖੂਨ ਦੇ ਪਲੇਟਲੇਟ ਦੇ ਪੱਧਰਾਂ ਦੀ ਇੱਕ ਕਿਸਮ ਉਹਨਾਂ ਲੋਕਾਂ ਵਿੱਚ ਵਾਪਰੀ ਹੈ ਜਿਨ੍ਹਾਂ ਨੇ ਇਹ ਟੀਕਾ ਲਗਵਾਇਆ ਹੈ। ਜ਼ਿਆਦਾਤਰ ਸਮੇਂ, ਅਜਿਹਾ ਵੈਕਸੀਨ ਤੋਂ ਬਾਅਦ 42 ਦਿਨਾਂ ਦੇ ਅੰਦਰ ਵਾਪਰਿਆ ਹੈ। ਜੇਕਰ ਤੁਹਾਨੂੰ ਕਦੇ ਇਡੀਓਪੈਥਿਕ ਥ੍ਰੋਮਬੋਸਾਈਟਿਕ ਪਰਪਿਊਰਾ (ITP) ਹੋਇਆ ਹੈ, ਤਾਂ ਆਪਣੇ ਡਾਕਟਰ ਨਾਲ ਗੱਲ ਕਰੋ। ਜੇ ਤੁਹਾਨੂੰ ਕਿਸੇ ਕਾਰਨ ਤੋਂ ਬਿਨਾਂ ਝਰੀਟਾਂ ਪੈਂਦੀਆਂ ਹਨ ਜਾਂ ਤੁਹਾਡਾ ਖੂਨ ਵਗਦਾ ਹੈ ਤਾਂ ਫੌਰਨ ਆਪਣੇ ਡਾਕਟਰ ਨੂੰ ਕਾਲ ਕਰੋ।
- •ਵਿਰਲੇ ਹੀ, ਉਨ੍ਹਾਂ ਲੋਕਾਂ ਵਿੱਚ ਘੱਟ ਲਹੂ ਬਿੰਬਾਣੂਆਂ (ਕਈ ਵਾਰੀ ਖੂਨ ਵਗਣ ਨਾਲ) ਨਾਲ ਖੂਨ ਦੇ ਗਤਲੇ ਬਣੇ ਹਨ ਜਿਨ੍ਹਾਂ ਨੇ ਇਹ ਵੈਕਸੀਨ ਲਗਵਾਈ ਹੈ। ਇਹ ਜਿਆਦਾਤਰ 30 ਅਤੇ 49 ਸਾਲ ਦੀ ਉਮਰ ਵਿਚਲੀਆਂ ਔਰਤਾਂ ਵਿੱਚ ਵਾਪਰਿਆ ਹੈ। ਜਿਆਦਾਤਰ, ਲੱਛਣ ਵੈਕਸੀਨ ਤੋਂ 1 ਤੋਂ 2 ਹਫ਼ਤਿਆਂ ਅੰਦਰ ਸ਼ੁਰੂ ਹੋਏ। ਕਈ ਵਾਰ, ਇਹ ਜਾਨਲੇਵਾ ਰਿਹਾ ਹੈ। ਇਹ ਖੂਨ ਦੇ ਗਤਲੇ ਦਿਮਾਗ, ਪੇਟ ਦੇ ਖੇਤਰ, ਅਤੇ ਲੱਤਾਂ ਸਮੇਤ ਵੱਖ ਵੱਖ ਥਾਵਾਂ ਵਿੱਚ ਵਾਪਰੇ ਹਨ। ਜੇ ਤੁਹਾਨੂੰ ਇਹਨਾਂ

ਵਿੱਚੋਂ ਕੋਈ ਵੀ ਚਿੰਨ੍ਹ ਹੁੰਦੇ ਹਨ ਤਾਂ ਉਸੇ ਵੇਲੇ ਆਪਣੇ ਡਾਕਟਰ ਨੂੰ ਕਾਲ ਕਰੋ: ਟੀਕੇ ਵਾਲੀ ਤੋਂ ਦੂਰ ਸੱਟ ਜਾਂ ਲਹੂ ਦੇ ਛੋਟੇ ਧੱਬੇ, ਗੰਭੀਰ ਸਿਰਦਰਦ, ਸਿਰਦਰਦ ਜੋ ਖ਼ਤਮ ਨਹੀਂ ਹੁੰਦਾ ਹੈ, ਪੇਟ ਦਰਦ ਜੋ ਖ਼ਤਮ ਨਹੀਂ ਹੁੰਦਾ, ਲੱਤਾਂ ਦੀ ਸੋਜ਼ਸ਼ ਜਾਂ ਦਰਦ, ਛਾਤੀ ਦਾ ਦਰਦ, ਸਾਹ ਦਾ ਰੁਕਣਾ, ਧੁੰਦਲਾ ਦਿਸਣਾ, ਦੌਰੇ, ਜਾਂ ਉਲਝਣ ਮਹਿਸੂਸ ਕਰਨਾ।

## ਇਸ ਦਵਾਈ ਦੇ ਹੋਰ ਦੁਸ਼ਪ੍ਰਭਾਵ ਕੀ ਹਨ?

- ਸਾਰੀਆਂ ਦਵਾਈਆਂ ਬੁਰੇ ਪ੍ਰਭਾਵ ਪੈਦਾ ਕਰ ਸਕਦੀਆਂ ਹਨ। ਭਾਂਵੇਂ ਕਿ, ਬਹੁਤ ਸਾਰੇ ਲੋਕਾਂ ਵਿੱਚ ਕੋਈ ਬੁਰਾ ਪ੍ਰਭਾਵ ਨਹੀਂ ਹੁੰਦਾ ਜਾਂ ਕੇਵਲ ਛੋਟੇ ਬੁਰੇ ਪ੍ਰਭਾਵ ਹੁੰਦੇ ਹਨ। ਆਪਣੇ ਡਾਕਟਰ ਨੂੰ ਕਾਲ ਕਰੋ ਜਾਂ ਡਾਕਟਰੀ ਮਦਦ ਪ੍ਰਾਪਤ ਕਰੋ ਜੇ ਇਨ੍ਹਾਂ ਵਿੱਚੋਂ ਕੋਈ ਵੀ ਮਾੜੇ ਪ੍ਰਭਾਵ ਜਾਂ ਕੋਈ ਹੋਰ ਮਾੜੇ ਪ੍ਰਭਾਵ ਤੁਹਾਨੂੰ ਪਰੇਸ਼ਾਨ ਕਰਦੇ ਹਨ ਜਾਂ ਇਹ ਠੀਕ ਨਹੀਂ ਹੁੰਦੇ ਹਨ:
- •ਜਿੱਥੇ ਟੀਕਾ ਲਗਾਇਆ ਗਿਆ ਸੀ ਉੱਥੇ ਦਰਦ, ਲਾਲੀ, ਜਾਂ ਸੋਜਸ਼; ਸਿਰ ਦਰਦ; ਮਾਸਪੇਸ਼ੀ ਜਾਂ ਜੋੜ ਦਾ ਦਰਦ; 100.4°F (38°C) ਜਾਂ ਵੱਧ ਦਾ ਬੁਖਾਰ; ਠੰਡ ਲੱਗਣਾ; ਪੇਟ ਵਿੱਚ ਪਰੇਸ਼ਾਨੀ, ਉਲਟੀਆਂ ਜਾਂ ਦਸਤ ਲੱਗਣਾ; ਸੋਜ ਜਾਂ ਸੁੱਜੀ ਹੋਈ ਗ੍ਰੰਥੀ; ਜਾਂ ਥਕਾਵਟ ਜਾਂ ਤੰਦਰੁਸਤ ਨਾ ਹੋਣਾ। ਜ਼ਿਆਦਾਤਰ ਮਾੜੇ ਪ੍ਰਭਾਵ ਹਲਕੇ ਰਹੇ ਹਨ। ਬਹੁਤੀ ਵਾਰ ਇਹ ਟੀਕੇ ਤੋਂ ਬਾਅਦ 1 ਤੋਂ 2 ਦਿਨਾਂ ਦੇ ਅੰਦਰ ਚਲੇ ਗਏ ਹਨ।
- ਇਹ ਉਹ ਸਾਰੇ ਬੁਰੇ ਪ੍ਰਭਾਵ ਨਹੀਂ ਹਨ ਜੋ ਵਾਪਰ ਸਕਦੇ ਹਨ। ਜੇਕਰ ਬੁਰੇ ਪ੍ਰਭਾਵਾਂ ਬਾਰੇ ਤੁਹਾਡੇ ਕੋਈ ਪ੍ਰਸ਼ਨ ਹਨ ਤਾਂ, ਆਪਣੇ ਡਾਕਟਰ ਨੂੰ ਬੁਲਾਓ। ਬੁਰੇ ਪ੍ਰਭਾਵਾਂ ਬਾਰੇ ਮੈਡੀਕਲ ਸਲਾਹ ਲਈ ਆਪਣੇ ਡਾਕਟਰ ਨੂੰ ਬੁਲਾਓ।
- ਤੁਸੀਂ ਆਪਣੀ ਰਾਸ਼ਟਰੀ ਸਿਹਤ ਸਬੰਧੀ ਏਜੰਸੀ ਨੂੰ ਮਾੜੇ ਪ੍ਰਭਾਵਾਂ ਦੀ ਰਿਪੋਰਟ ਕਰ ਸਕਦੇ ਹੋ।
- https://vaers.hhs.gov/reportevent.html 'ਤੇ ਜਾਂ 1-800-822-7967 'ਤੇ ਕਾਲ ਕਰਕੇ FDA/CDC ਵੈਕਸੀਨ ਐਡਵਰਸ ਈਵੈਂਟ ਰਿਪੋਰਟਿੰਗ ਸਿਸਟਮ (VAERS) ਨੂੰ ਮਾੜੇ ਪ੍ਰਭਾਵਾਂ ਦੀ ਸੂਚਨਾ ਦਿਓ। ਇੱਕ ਵੀ-ਸੇਫ਼ ਨਾਮਕ ਸਮਾਰਟਫੋਨ ਟੂਲ ਵੀ ਹੈ ਜਿਸ ਦੀ ਵਰਤੋਂ ਤੁਹਾਡੀ ਸਿਹਤ ਦੀ ਜਾਂਚ ਕਰਨ ਅਤੇ ਦੁਸ਼ਪ੍ਰਭਾਵਾਂ ਦੀ ਰਿਪੋਰਟ ਕਰਨ ਲਈ ਕੀਤੀ ਜਾ ਸਕਦੀ ਹੈ। ਇਸ ਨੂੰ https://vsafe.cdc.gov 'ਤੇ ਲੱਭਿਆ ਜਾ ਸਕਦਾ ਹੈ। ਜੇਕਰ ਤੁਹਾਨੂੰ ਵੀ-ਸੇਫ਼ ਵਿੱਚ ਮਦਦ ਦੀ ਲੋੜ ਹੋਵੇ, ਤਾਂ 1-800-232-4636 'ਤੇ ਕਾਲ ਕਰੋ।

## ਇਸ ਦਵਾਈ ਨੂੰ ਵਧੀਆ ਤਰੀਕੇ ਨਾਲ ਕਿਵੇਂ ਲਿਆ ਜਾਂਦਾ ਹੈ?

- ਆਪਣੇ ਡਾਕਟਰ ਦੇ ਨੁਸਖੇ ਅਨੁਸਾਰ ਇਸ ਦਵਾਈ ਦੀ ਵਰਤੋਂ ਕਰੋ। ਤੁਹਾਨੂੰ ਦਿੱਤੀ ਗਈ ਸਾਰੀ ਜਾਣਕਾਰੀ ਪੜ੍ਹੋ। ਸਾਰੀਆਂ ਹਿਦਾਇਤਾਂ ਦੀ ਨੇੜਤਾ ਨਾਲ ਪਾਲਣਾ ਕਰੋ।
- •ਇਸ ਦਵਾਈ ਨੂੰ ਕਿਸੇ ਮਾਸਪੇਸ਼ੀ ਵਿੱਚ ਟੀਕੇ ਵਜੋਂ ਦਿੱਤਾ ਜਾਂਦਾ ਹੈ।
- •ਇਸ ਦਵਾਈ ਨੂੰ ਲੈਣ ਸਮੇਂ ਅਤੇ ਤੁਹਾਡੀ ਖੁਰਾਕ ਤੋਂ ਬਾਅਦ ਕੁਝ ਸਮੇਂ ਲਈ ਤੁਹਾਡੇ 'ਤੇ ਨੇੜੇ ਤੋਂ ਨਜ਼ਰ ਰੱਖੀ ਜਾਵੇਗੀ। ਆਪਣੇ ਡਾਕਟਰ ਨਾਲ ਗੱਲ ਕਰੋ।

## ਜੇ ਮੇਰੀ ਦਵਾਈ ਦੀ ਖੁਰਾਕ ਖੁੰਝ ਜਾਵੇ ਤਾਂ ਮੈਂ ਕੀ ਕਰਾਂ?

- •ਹਿਦਾਇਤਾਂ ਲੈਣ ਲਈ ਹੈਲਥਕੇਅਰ ਪ੍ਰਦਾਤਾ ਨੂੰ ਫੋਨ ਕਰੋ। ਕੋਵਿਡ-19 ਖਿਲਾਫ ਸਭ ਤੋਂ ਵੱਧ ਸੁਰੱਖਿਆ ਲਈ, ਇਹ ਮਹੱਤਵਪੂਰਨ ਹੁੰਦਾ ਹੈ ਕਿ ਤੁਸੀਂ ਖੁਰਾਕਾਂ ਤੋਂ ਨਾ ਖੁੰਝੋ ਜਾਂ ਨਾ ਛੱਡੋ।

## ਮੈਂ ਇਸ ਦਵਾਈ ਨੂੰ ਕਿਵੇਂ ਸਟੋਰ ਕਰਾਂ ਅਤੇ/ਜਾਂ ਕਿਵੇਂ ਨਿਪਟਾਵਾਂ?

- •ਇਹ ਟੀਕਾ ਤੁਹਾਨੂੰ ਹੈਲਥਕੇਅਰ ਚੁਗਿਰਦੇ ਵਿੱਚ ਦਿੱਤਾ ਜਾਵੇਗਾ। ਤੁਸੀਂ ਇਸ ਨੂੰ ਘਰ ਵਿੱਚ ਸਟੋਰ ਨਹੀਂ ਕਰੋਗੇ।

## ਦਵਾਈਆਂ ਬਾਰੇ ਆਮ ਤੱਥ

- •ਜੇਕਰ ਤੁਹਾਡੇ ਲੱਛਣ ਜਾਂ ਸਿਹਤ ਸਮੱਸਿਆਵਾਂ ਬੇਹਤਰ ਨਹੀਂ ਹੁੰਦੀਆਂ ਜਾਂ ਜੇਕਰ ਉਹ ਹੋਰ ਮਾੜੀਆਂ ਹੋ ਜਾਂਦੀਆਂ ਹਨ, ਆਪਣੇ ਡਾਕਟਰ ਨੂੰ ਬੁਲਾਓ।
- •ਆਪਣੀ ਦਵਾਈ ਨੂੰ ਹੋਰਾਂ ਨਾਲ ਸਾਂਝਾ ਨਾ ਕਰੋ ਅਤੇ ਕਿਸੇ ਵੀ ਹੋਰ ਵਿਅਕਤੀ ਦੀ ਦਵਾਈ ਨਾ ਲਓ।
- •ਸਾਰੀਆਂ ਦਵਾਈਆਂ ਨੂੰ ਸੁਰੱਖਿਅਤ ਜਗ੍ਹਾ 'ਤੇ ਰੱਖੋ। ਸਾਰੀਆਂ ਦਵਾਈਆਂ ਨੂੰ ਬੱਚਿਆਂ ਅਤੇ ਪਾਲਤੂ ਪਸ਼ੂਆਂ ਦੀ ਪਹੁੰਚ ਤੋਂ ਦੂਰ ਰੱਖੋ।
- •ਅਣਵਰਤੀਆਂ ਜਾਂ ਮਿਆਦ ਪੁੱਗੀਆਂ ਦਵਾਈਆਂ ਸੁੱਟ ਦਿਓ। ਉਦੋਂ ਤੱਕ ਟੁਆਲੇਟ ਵਿੱਚ ਫਲੱਸ਼ ਨਾ ਕਰੋ ਜਾਂ ਨਾਲੀ ਵਿੱਚ ਨਾ ਵਗਾਓ ਜਦੋਂ ਤੱਕ ਤੁਹਾਨੂੰ ਅਜਿਹਾ ਕਰਨ ਲਈ ਨਾ ਕਿਹਾ ਜਾਵੇ। ਜੇ ਦਵਾਈਆਂ ਸੁੱਟਣ ਦੇ ਬਿਹਤਰੀਨ ਤਰੀਕੇ ਬਾਰੇ ਤੁਹਾਡਾ ਕੋਈ ਸਵਾਲ ਹੈ, ਤਾਂ ਆਪਣੇ ਦਵਾਫਰੋਸ਼ ਤੋਂ ਪੁੱਛੋ। ਤੁਹਾਡੇ ਖੇਤਰ ਵਿੱਚ ਦਵਾਈਆਂ ਵਾਪਸ ਲੈਣ ਦੇ ਪ੍ਰੋਗਰਾਮ ਵੀ ਹੋ ਸਕਦੇ ਹਨ।
- •ਕੁਝ ਦਵਾਈਆਂ ਨਾਲ ਇੱਕ ਹੋਰ ਮਰੀਜ਼ ਜਾਣਕਾਰੀ ਪੁਸਤਿਕਾ ਹੋ ਸਕਦੀ ਹੈ। ਜੇਕਰ ਇਸ ਦਵਾਈ ਬਾਰੇ ਤੁਹਾਡੇ ਮਨ ਵਿੱਚ ਕੋਈ ਪ੍ਰਸ਼ਨ ਹਨ, ਕਿਰਪਾ ਕਰਕੇ ਆਪਣੇ ਡਾਕਟਰ, ਨਰਸ, ਦਵਾਫਰੋਸ਼ ਜਾਂ ਕਿਸੇ ਹੋਰ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।
- •ਜੇ ਤੁਹਾਨੂੰ ਲੱਗਦਾ ਹੈ ਕਿ ਜ਼ਿਆਦਾ ਖੁਰਾਕ ਲਿੱਤੀ ਗਈ ਹੈ, ਤਾਂ ਉਸੇ ਵੇਲੇ ਆਪਣੇ ਜਹਿਰ ਨਿਯੰਤ੍ਰਣ ਕੇਂਦਰ ਨੂੰ ਕਾਲ ਕਰੋ ਜਾਂ ਡਾਕਟਰੀ ਦੇਖਭਾਲ ਪ੍ਰਾਪਤ ਕਰੋ। ਇਹ ਦੱਸਣ ਜਾਂ ਦਰਸ਼ਾਉਣ ਲਈ ਤਿਆਰ ਰਹੋ ਕਿ ਕਿੰਨੀ ਮਾਤਰਾ ਵਿੱਚ, ਕੀ ਲਿੱਤਾ ਗਿਆ ਸੀ, ਅਤੇ ਅਜਿਹਾ ਕਦੋਂ ਘਟਿਤ ਹੋਇਆ।

ਉਪਭੋਗਤਾ ਦੀ ਜਾਣਕਾਰੀ ਦੀ ਵਰਤੋਂ ਅਤੇ ਬੇਦਾਵਾ: ਇਹ ਸਧਾਰਣ ਜਾਣਕਾਰੀ ਜਾਂਚ, ਇਲਾਜ, ਅਤੇ/ਜਾਂ ਦਵਾਈਆਂ ਦੀ ਜਾਣਕਾਰੀ ਦਾ ਸੀਮਤ ਸਾਰ ਹੈ। ਇਹ ਵਿਸਤਾਰ ਵਧਾਉਣ ਲਈ ਨਹੀਂ ਹੈ ਅਤੇ ਇਸ ਨੂੰ ਉਪਭੋਗਤਾ ਨੂੰ ਸੰਭਾਵੀ ਜਾਂਚ ਅਤੇ ਇਲਾਜ ਦੇ ਵਿਕਲਪਾਂ ਨੂੰ ਸਮਝਣ ਅਤੇ/ਜਾਂ ਮੁਲਾਂਕਣ ਕਰਨ ਵਿੱਚ ਮਦਦ ਕਰਨ ਲਈ ਇੱਕ ਸਾਧਨ ਵਜੋਂ ਵਰਤਿਆ ਜਾਣਾ ਚਾਹੀਦਾ ਹੈ। ਇਸ ਵਿੱਚ ਹਾਲਤਾਂ, ਇਲਾਜਾਂ, ਦਵਾਈਆਂ, ਮਾੜੇ ਪ੍ਰਭਾਵਾਂ ਜਾਂ ਜੋਖਮਾਂ ਬਾਰੇ ਸਾਰੀ ਜਾਣਕਾਰੀ ਸ਼ਾਮਲ ਨਹੀਂ ਹੈ ਜੋ ਕਿਸੇ ਖਾਸ ਮਰੀਜ਼ 'ਤੇ ਲਾਗੂ ਹੋ ਸਕਦੀ ਹੋਵੇ। ਇਹ ਕਿਸੇ ਸਿਹਤ ਦੇਖਭਾਲ ਪ੍ਰਦਾਤਾ ਦੀ ਜਾਂਚ ਅਤੇ ਮਰੀਜ਼ ਦੀਆਂ ਖਾਸ ਅਤੇ ਵਿਲੱਖਣ ਹਾਲਤਾਂ ਦੇ ਮੁਲਾਂਕਣ ਦੇ ਆਧਾਰ 'ਤੇ ਡਾਕਟਰੀ ਸਲਾਹ ਜਾਂ ਕਿਸੇ ਸਿਹਤ ਦੇਖਭਾਲ ਪ੍ਰਦਾਤਾ ਦੀ ਡਾਕਟਰੀ ਸਲਾਹ, ਜਾਂਚ ਜਾਂ ਇਲਾਜ ਦਾ ਬਦਲ ਬਣਾਉਣ ਲਈ ਨਹੀਂ ਹੈ। ਮਰੀਜ਼ਾਂ ਨੂੰ ਆਪਣੀ ਸਿਹਤ, ਡਾਕਟਰੀ ਸਵਾਲਾਂ, ਅਤੇ ਇਲਾਜ ਦੇ ਵਿਕਲਪਾਂ ਬਾਰੇ ਪੂਰੀ ਜਾਣਕਾਰੀ ਲੈਣ ਲਈ ਇੱਕ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰਨੀ ਚਾਹੀਦੀ ਹੈ, ਜਿਸ ਵਿੱਚ ਦਵਾਈਆਂ ਦੀ ਵਰਤੋਂ ਸੰਬੰਧੀ ਕੋਈ ਵੀ ਜੋਖਮ ਜਾਂ ਲਾਭ ਸ਼ਾਮਲ ਹੋਣ। ਇਹ ਜਾਣਕਾਰੀ ਕਿਸੇ ਵੀ ਇਲਾਜ ਜਾਂ ਦਵਾਈਆਂ ਦੇ ਸੁਰੱਖਿਅਤ, ਕਾਰਗਰ, ਜਾਂ ਕਿਸੇ ਖਾਸ ਮਰੀਜ਼ ਦਾ ਇਲਾਜ ਕਰਨ ਲਈ ਮਨਜ਼ੂਰਸ਼ੁਦਾ ਹੋਣ ਵਜੋਂ ਪੁਸ਼ਟੀ ਨਹੀਂ ਕਰਦੀ ਹੈ। ਅੱਪਟੂਡੇਟ, ਇੰਕ. ਅਤੇ ਇਸਦੇ ਸਹਿਯੋਗੀ ਇਹ ਜਾਣਕਾਰੀ ਜਾਂ ਇਸਦੀ ਵਰਤੋਂ ਨਾਲ ਸਬੰਧਤ ਕਿਸੇ ਵੀ ਵਾਰੰਟੀ ਜਾਂ ਦੇਣਦਾਰੀ ਤੋਂ ਇਨਕਾਰ ਕਰਦੇ ਹਨ। ਇਸ ਜਾਣਕਾਰੀ ਦੀ ਵਰਤੋਂ ਨੂੰ ਵਰਤੋਂ ਦੀਆਂ ਸ਼ਰਤਾਂ ਅਨੁਸਾਰ ਸੰਚਾਲਿਤ ਕੀਤਾ ਜਾਂਦਾ ਹੈ, ਜੋ ਕਿ ਇੱਥੇ ਉਪਲਬਧ ਹਨ https://www.wolterskluwer.com/en/know/clinical-effectiveness-terms.

Last Updated 6/8/22

Wolters Kluwer

© 2022 UpToDate, Inc. and its affiliates and/or licensors. All rights reserved.